# ਸ਼ਹੀਦੇ ਆਜ਼ਮ ਭਗਤ ਸਿੰਘ ਨਾਲ ਮੁਲਾਕਾਤ

ਲਾਹੌਰ ਜੇਲ੍ਹ ਵਿੱਚ ਮੇਰੀ ਡਿਊਟੀ ਬੀਮਾਰ ਤੇ ਕਮਜ਼ੋਰ ਕੈਦੀਆਂ ਨੂੰ ਦੁੱਧ ਪਹੁੰਚਾਣ ਤੇ ਲੱਗੀ ਸੀ। ਪਹਿਲੇ ਇਹ ਡਿਊਟੀ ਬਾਬਾ ਸੋਹਨ ਸਿੰਘ ਭਕਨਾ ਦੇ ਸਪੁਰਦ ਸੀ। ਜਦੋਂ ਉਹ ਰਿਹਾਅ ਹੋ ਗਏ ਤਾਂ ਬਾਬਾ ਚੂਹੜ ਸਿੰਘ ਦੀ ਡਿਊਟੀ ਲਾਈ ਗਈ। ਬਾਬਾ ਚੂਹੜ ਸਿੰਘ ਦੇ ਬੀਮਾਰ ਹੋ ਜਾਣ ਤੇ ਇਹ ਸੇਵਾ ਮੇਰੇ ਲਾਈ ਗਈ। ਬਾਬਾ ਚੂਹੜ ਸਿੰਘ ਦੇ ਬੀਮਾਰ ਹੋ ਜਾਣ ਤੇ ਇਹ ਸੇਵਾ ਮੇਰੇ ਜ਼ੁੰਮੇਂ ਲੱਗੀ। ਜਦ ਮੈਂ ਦੁੱਧ ਵੰਡਦਾ ਵੰਡਦਾ ਭਗਤ ਸਿੰਘ, ਰਾਜਗੁਰੂ, ਸੁਖਦੇਵ ਆਦਿ ਕੋਲ ਪੁੱਜਾ ਤਾਂ ਸਿਪਾਹੀ ਨੇ ਉਨ੍ਹਾਂ ਨੂੰ ਮੇਰੇ ਆਣ ਬਾਰੇ ਦੱਸਿਆ ਤਾਂ ਭਗਤ ਸਿੰਘ ਸਮੇਤ ਚਾਰੇ ਦੇਸ਼ ਭਗਤ ਮੇਰੇ ਪੈਰਾਂ ਵੱਲ ਨੂੰ ਅਹੁੜੇ। ਮੈਂ ਉਨ੍ਹਾਂ ਨੂੰ ਕਲਾਵੇ 'ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, 'ਸ਼ੁਕਰ ਹੈ! ਸਾਡੇ ਦੇਸ਼ ਦੇ ਨੌਜੁਆਨਾਂ ਨੂੰ ਆਜ਼ਾਦੀ ਦੀ ਜਾਗ ਲੱਗੀ ਹੈ।" ਪ੍ਰਸਪਰ ਗੱਲ-ਬਾਤ ਸ਼ੁਰੂ ਹੋਣ ਤੇ ਮੈਂ ਭਗਤ ਸਿੰਘ ਨੂੰ ਪੁਛਿਆ, "ਤੁਹਾਨੂੰ ਦੇਸ਼ ਭਗਤੀ ਦੀ ਜਾਗ ਕਿਥੋਂ ਲੱਗੀ?" ਤਾਂ ਭਗਤ ਸਿੰਘ ਨੇ ਝਟਪਟ ਉਤਰ ਦਿੱਤਾ, "ਸਰਾਭੇ ਦੀ ਲਾਈਫ਼ ਵਿੱਚੋਂ।" ਮੈਨੂੰ ਨਾਂ ਸੁਣ ਕੇ ਬੜੀ ਪ੍ਰਸੰਨਤਾ ਹੋਈ, ਕਿਉਂਕਿ ਸਰਾਭਾ ਮੇਰਾ ਜੋਟੀਦਾਰ ਸੀ ਤੇ ਫ਼ਿਰੋਜ਼ਪੁਰ ਛਾਉਣੀ ਉਹ ਅਕਸਰ ਮੇਰੇ ਕੋਲ ਆਉਂਦਾ ਰਹਿੰਦਾ ਸੀ।

ਕੁੱਝ ਚਿਰ ਬੀਤਿਆ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਰਿਹਾਈ ਲਈ ਲਾਹੌਰ ਜੇਲ੍ਹ ਵਿੱਚ ਆ ਗਏ। ਮੈਂ ਦੁੱਧ ਦੇਣ ਗਿਆ ਤਾਂ ਭਗਤ ਸਿੰਘ ਨੂੰ ਦੱਸਿਆ ਕਿ ਸਾਡੇ ਮੁਕੱਦਮੇ ਦੇ ਪ੍ਰਸਿੱਧ ਦੇਸ਼ ਭਗਤ ਸਾਥੀ ਭਾਈ ਸਾਹਿਬ ਰਣਧੀਰ ਸਿੰਘ ਜੀ ਆਏ ਹੋਏ ਹਨ ਜੋ ਬਿਲਕੁਲ ਸੰਤ ਸਰੂਪ ਹਨ। ਭਗਤ ਸਿੰਘ ਨੇ ਸੁਣ ਕੇ ਭਾਈ ਸਾਹਿਬ ਨੂੰ ਮਿਲਣ ਦੀ ਖ਼ਾਹਸ਼ ਪ੍ਰਗਟ ਕੀਤੀ ਤੇ ਕਿਹਾ, "ਭਾਈ ਸਾਹਿਬ ਨੂੰ ਆਖਣਾ ਕਿ ਉਹ ਵੱਡੇ ਸਾਹਿਬ ਨੂੰ ਆਖਣ ਤੇ ਮੈਂ ਵੀ ਆਖਾਂਗਾ ਕਿ ਮੈਂ ਭਾਈ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।" ਤਾਂ ਕੋਲੋਂ ਦੱਤ ਨੇ ਕਿਹਾ, "ਭਗਤ ਸਿੰਘ ਰੁਕਾ ਲਿਖ ਦੇਹ। ਮੈਂ ਭਗਤ ਸਿੰਘ ਦਾ ਰੁਕਾ ਲੈ ਕੇ ਭਾਈ ਸਾਹਿਬ ਕੋਲ ਗਿਆ। ਜਿਥੇ ਕਿ ਹੋਰ ਬਾਬੇ, ਬਾਬਾ ਚੂਹੜ ਸਿੰਘ, ਕੇਸਰ ਸਿੰਘ ਠਠਗੜ੍ਹ, ਸ਼ੇਰ ਸਿੰਘ ਬੇਈਂ ਪੋਈ  ਵਧਾਵਾ ਸਿੰਘ ਗੜ੍ਹਵਾਲੀ, ਸੁੰਦਰ ਸਿੰਘ ਦੌਲੂ ਨੰਗਲ, ਪਾਖਰ ਸਿੰਘ ਢੁਡੀਕੇ ਬਰਾਜਮਾਨ ਸਨ। ਭਾਈ ਸਾਹਿਬ ਨੇ ਰੁਕਾ ਪੜ੍ਹਿਆ ਤੇ ਮੈਨੂੰ ਪੁੱਛਿਆ ਕਿ ਭਗਤ ਸਿੰਘ ਕਿਸ ਸੂਰਤ ਵਿੱਚ ਹੈ? ਕਿਉਂਕਿ ਉਨ੍ਹਾਂ ਨੇ ਸੁਣ ਰੱਖਿਆ ਸੀ ਕਿ ਭਗਤ ਸਿੰਘ ਨੇ ਪਟੇ ਰੱਖੇ ਹੋਏ ਹਨ। ਮੈਂ ਦੱਸਿਆ ਕਿ ਉਸਨੇ ਪਟੇ ਰੱਖੇ ਹੋਏ ਹਨ। ਸੁਣ ਕੇ ਭਾਈ ਸਾਹਿਬ ਨੇ ਬੇਚੈਨੀ ਜਿਹੀ ਮਹਿਸੂਸ ਕੀਤੀ ਤਾਂ ਲਾਗੇ ਬੈਠਾ ਕੇਸਰ ਸਿੰਘ ਠੱਠਗੜ੍ਹ ਬੋਲਿਆ, "ਕਿਉਂ ਭਾਈ ਸਾਹਿਬ ਕੀ ਸਲਾਹ ਹੈ? ਮੁਲਾਕਾਤ ਲਈ ਬੜੇ ਸਾਹਿਬ ਨੂੰ ਬੋਲੋਗੇ ਕਿ ਨਹੀਂ?" ਤਾਂ ਭਾਈ ਸਾਹਿਬ ਨੇ ਕਿਹਾ, "ਨਹੀਂ।" ਤਾਂ ਕੇਸਰ ਸਿੰਘ ਨੇ ਕਿਹਾ "ਰੁਕੇ ਦਾ ਉੱਤਰ ਲਿਖ ਘੱਲੋ।" ਮੈਂ ਭਾਈ ਸਾਹਿਬ ਦਾ ਰੁਕਾ ਭਗਤ ਸਿੰਘ ਕੋਲ ਲੈ ਗਿਆ।  ਰੁਕਾ ਪੜ੍ਹ ਕੇ ਭਗਤ ਸਿੰਘ ਬੋਲਿਆ, "ਬਾਬਾ ਜੀ ਮੇਰਾ ਰੁੱਕਾ ਵੀ ਲੈ ਜਾਵੋ।" ਰੁੱਕਾ ਲੈ ਕੇ ਮੈਂ ਭਾਈ ਸਾਹਿਬ ਕੋਲ ਪੁਚਾ ਦਿੱਤਾ। ਭਾਈ ਸਾਹਿਬ ਨੇ ਰੁੱਕਾ ਪੜ੍ਹਿਆ ਜਿਸ ਵਿੱਚ ਭਗਤ ਸਿੰਘ ਨੇ ਲਿਖਿਆ ਸੀ, "ਪੂਜਨੀਕ ਭਾਈ ਸਾਹਿਬ ਮੈਂ ਤੁਹਾਡਾ ਦੇਸ਼ ਭਗਤ ਤੇ ਸਾਧੂ ਦੇ ਤੌਰ ਤੇ ਸਤਿਕਾਰ ਕਰਦਾ ਹਾਂ, ਕਿਉਂ ਕਿ 1913-14 ਦੇ ਦੇਸ਼ ਭਗਤਾਂ ਦੀ ਕੁਰਬਾਨੀ ਮਹਾਨ ਹੈ। ਮੈਨੂੰ ਇਹ ਕਹਿਣ ਵਿੱਚ ਕੋਈ ਉਜ਼ਰ ਨਹੀਂ ਕਿ ਮੈਨੂੰ ਆਜ਼ਾਦੀ ਦੀ ਜਾਗ 1913-14 ਦੇ ਦੇਸ਼ ਭਗਤਾਂ ਕੋਲੋਂ ਲੱਗੀ। ਬਾਕੀ ਕੇਸਾਂ ਬਾਰੇ ਜੋ ਤੁਸਾਂ ਲਿਖਿਆ ਹੈ, ਮੈਂ ਆਪਣੀ ਗ਼ਲਤੀ ਮੰਨਦਾ ਹਾਂ। ਪ੍ਰਮਾਤਮਾ ਗਵਾਹ ਹੈ ਕਿ ਕੇਸ ਮੈਂ ਪੇਟ ਪਿਛੇ ਨਹੀਂ ਦੇਸ਼ ਪਿੱਛੇ ਕਟਾਏ ਸਨ ਤੇ ਉਹ ਭੀ ਮਜ਼ਬੂਰੀ ਵਿੱਚ। ਜੇਕਰ ਮੈਂ ਜੇਲ੍ਹ ਤੋਂ ਬਾਹਰ ਨਿਕਲ ਸਕਿਆ ਤਾਂ ਦੁਬਾਰਾ ਕੇਸ ਰੱਖ ਲਵਾਂਗਾ। ਬਾਕੀ ਅਗਰ ਤੁਸਾਂ ਮੁਲਾਕਾਤ ਨ ਕੀਤੀ ਤਾਂ ਮੈਂ ਅਗੇ ਜਾ ਕੇ ਕਲਗੀਧਰ ਪਿਤਾ ਕੋਲ ਗਿਲਾ ਕਰਾਂਗਾ ਕਿ ਭਾਈ ਸਾਹਿਬ ਨੇ ਮੈਨੂੰ ਦਰਸ਼ਨ ਨਹੀਂ ਦਿੱਤੇ।"

ਚਿੱਠੀ ਸੁਣ ਕੇ ਸਾਰੇ ਬਾਬੇ ਹੱਸ ਪਏ ਤੇ ਭਾਈ ਸਾਹਿਬ ਵੀ ਮੁਸਕਰਾ ਪਏ। ਬਾਬਿਆਂ ਨੇ ਭਾਈ ਸਾਹਿਬ ਨੂੰ ਪੁਛਿਆ ਹੁਣ ਕੀ ਕਰੋਗੇ? ਤਾਂ ਭਾਈ ਸਾਹਿਬ ਨੇ ਮੁਸਕਰਾ ਕੇ ਉੱਤਰ ਦਿੱਤਾ ਕਿ ਹੁਣ ਤਾਂ ਮੁਲਾਕਾਤ ਕਰਨੀ ਹੀ ਪਊ। ਭਾਈ ਸਾਹਿਬ ਨੇ ਭਗਤ ਸਿੰਘ ਨਾਲ ਮੁਲਾਕਾਤ ਕੀਤੀ। ਇਹ ਭਾਈ ਸਾਹਿਬ ਦੀ ਸ਼ਖ਼ਸੀਅਤ ਦਾ ਪ੍ਰਭਾਵ ਸੀ ਕਿ ਭਗਤ ਸਿੰਘ ਦੁਬਾਰਾ ਆਸਤਕਤਾ ਵੱਲ ਪ੍ਰੇਰਿਆ ਗਿਆ। ਮੈਂ ਰੋਜ਼ ਭਗਤ ਸਿੰਘ ਹੋਰਾ ਨੂੰ ਦੁੱਧ ਪਹੁੰਚਾਇਆ ਕਰਦਾ ਸਾਂ, ਪਰ ਮੈਂ ਇੱਕ ਦਿਨ ਵੀ ਭਗਤ ਸਿੰਘ ਦੇ ਚੇਹਰੇ ਤੇ ਉਦਾਸੀ ਨਾ ਵੇਖੀ। ਉਸ ਮਹਾਨ ਦੇਸ਼ ਭਗਤ ਸੀ ਤੇ ਉਸ ਦਾ ਰੋਮ ਰੋਮ ਦੇਸ਼ ਪਿਆਰ ਦੇ ਰੰਗ 'ਚ ਰੰਗਿਆ ਹੋਇਆ ਸੀ। ਉਹ ਛੇ ਫ਼ੁਟ ਲੰਮਾ ਖ਼ੂਬਸੂਰਤ ਨੌਜੁਆਨ ਸੀ। ਉਸ ਵਰਗੇ ਦੇਸ਼ ਭਗਤ ਤੇ ਸਾਰਾ ਦੇਸ਼ ਬਜਾ ਤੌਰ ਤੇ ਮਾਣ ਕਰ ਸਕਦਾ ਹੈ।

ਦੇਸ਼ ਭਗਤ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ
ਪਿੰਡ ਕਾਲਾ ਸੰਘਿਆਂ, ਡਾਕਖਾਨਾ ਖਾਸ, ਜ਼ਿਲ੍ਹਾ ਕਪੂਰਥਲਾ।